BRAMPTON Flower City brampton.ca

media release

<u>ਤੁਰੰਤ ਰਿਲੀਜ ਲਈ</u>

# ਕੈਨੇਡਿਅਨ ਥਿਏਟਰ ਦੇ ਸਭ ਤੋਂ ਲੰਮੇ ਸਮੇਂ ਤੱਕ ਕੰਮ ਕਰਨ ਵਾਲੇ ਆਰਟਿਸਟਿਕ ਡਾਇਰੈਕਟਰ ਦੂਜੀ ਭੂਮਿਕਾ ਲਈ ਤਿਆਰ ਹਨ

*ਰੋਇਲ ਮੈਨੀਟੋਬਾ ਥਿਏਟਰ ਸੈਂਟਰ ਦੇ ਸਟੀਵਨ ਸਕਿਪਰ 2019 ਵਿੱਚ ਸਿਟੀ ਆਫ ਬ੍ਰੈਂਪਟਨ ਦੇ ਰੋਜ਼ ਥਿਏਟਰ ਦਾ ਕੰਮ ਸੰਭਾਲਣਗੇ*

ਬ੍ਰੈਂਪਟਨ, ਓਨਟੈਰੀਓ (4 ਦਸੰਬਰ, 2018) – ਸਿਟੀ ਆਫ ਬ੍ਰੈਂਪਟਨ (City of Brampton) ਨੂੰ ਰੋਜ਼ ਥਿਏਟਰ (Rose Theatre), ਜੋ ਕਿ ਬ੍ਰੈਂਪਟਨ ਦੇ ਜੋਸ਼ੀਲੇ ਅਤੇ ਵੰਨ-ਸੁਵੰਨੇ ਸੱਭਿਆਚਾਰਕ ਭਾਈਚਾਰੇ ਦਾ ਮੂਲ ਤੱਤ ਹੈ, ਦੇ ਨਵੇਂ ਐਗਜੀਕਿਊਟਿਵ ਆਰਟਿਸਟਿਕ ਡਾਇਰੈਕਟਰ (Executive Artistic Director), ਸਟੀਵਨ ਸਕਿਪਰ ਦੀ ਨਿਯੁਕਤੀ ਦੀ ਘੋਸ਼ਣਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ। ਸਟੀਵਨ ਸਕਿਪਰ (Steven Schipper), ਰੋਇਲ ਮੈਨੀਟੋਬਾ ਥਿਏਟਰ ਸੈਂਟਰ (Royal Manitoba Theatre Centre) (ਰੋਇਲ ਐਮ.ਟੀ.ਸੀ.) (Royal MTC) ਦੇ 30 ਸਾਲਾਂ ਦੇ ਲੰਮੇ ਨਿਰਦੇਸ਼ਨ ਦਾ ਜਸ਼ਨ ਮਨਾਉਣ ਤੋਂ ਬਾਅਦ, 2018-19 ਦੇ ਸੀਜਨ ਦੇ ਅੰਤ ਵਿੱਚ ਰਿਟਾਇਰ ਹੋ ਜਾਣਗੇ ਅਤੇ ਜੂਨ 2019 ਵਿੱਚ ਅਧਿਕਾਰਤ ਤੌਰ ਤੇ ਰੋਜ਼ ਥਿਏਟਰ ਦਾ ਕਾਰਜ ਭਾਰ ਸੰਭਾਲਣਗੇ। ਸਿਟੀ ਆਫ ਬ੍ਰੈਂਪਟਨ ਦੇ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰਲ ਸਰਵਿਸਿਜ਼ (Economic Development and Cultural Services) ਦੇ ਮੈਂਬਰ ਵਜੋਂ ਆਪਣੇ ਨਵੇਂ ਅਹੁਦੇ ਤੇ, ਸਟੀਵਨ ਸਿਟੀ ਦੀ ਸੱਭਿਆਚਾਰਕ ਅਤੇ ਕਲਾ ਸਬੰਧੀ ਪਛਾਣ ਨੂੰ ਬਿਹਤਰ ਬਣਾਉਣ ਲਈ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

ਇਹ ਘੋਸ਼ਣਾ ਉਦੋਂ ਹੋਈ ਹੈ, ਜਦੋਂ ਬ੍ਰੈਂਪਟਨ ਵਿੱਚ ਅਪਾਰ ਵਾਧਾ ਅਤੇ ਵਿਸ਼ਾਲ ਪਰਿਵਰਤਨ ਹੋ ਰਿਹਾ ਹੈ। ਮਈ 2018 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਬ੍ਰੈਂਪਟਨ 2040 ਵਿਜਨ (Brampton 2040 Vision) ਰਾਹੀਂ, ਸਰਬ ਸੰਮਤੀ ਨਾਲ ਇੱਕ ਯੋਜਨਾ ਬਣਾਉਂਦੇ ਹੋਏ, ਸਿਟੀ ਵਾਸਤੇ ਇੱਕ ਨਵੇਂ ਗਤੀਸ਼ੀਲ (ਬੋਲਡ) ਪਲਾਨ ਦਾ ਸਮਰਥਨ ਕੀਤਾ, ਤਾਂ ਜੋ ਭਵਿੱਖ ਲਈ ਤਿਆਰ, ਰਹਿਣਯੋਗ, ਸਥਿਰ ਅਤੇ ਸਿਰਜਣਾਤਮਕ ਸ਼ਹਿਰ ਬਣਾਉਣ ਲਈ ਇੱਕ ਰੋਡਮੈਪ (Roadmap) ਤਿਆਰ ਕਰ ਸਕੀਏ। ਸਿਟੀ ਦਾ ਨਵਾਂ ਕਲਚਰ ਮਾਸਟਰ ਪਲਾਨ (Culture Master Plan) ਵੀ ਇਸ ਸਾਲ ਪੇਸ਼ ਕੀਤਾ ਗਿਆ, ਜਿਸ ਲਈ ਕਈ ਪਹਿਲਕਦਮੀਆਂ ਤੇ ਪਹਿਲਾਂ ਹੀ ਕੰਮ ਹੋ ਰਿਹਾ ਹੈ। ਮੌਜੂਦਾ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ, ਸਿਟੀ ਵਿੱਚ ਵੱਧ ਕਾਰਜਕਰਮਾਂ ਨੂੰ ਆਕਰਸ਼ਿਤ ਕਰਨ ਲਈ, ਪਬਲਿਕ ਆਰਟ ਪ੍ਰੋਗਰਾਮ ਨੂੰ ਨਵਾਂ ਕਰਨਾ ਅਤੇ ਸੱਭਿਆਚਾਰਕ ਸੰਸਥਾਨਾਂ ਦੀ ਮੁਰੰਮਤ ਕਰਨਾ ਅਤੇ ਉਹਨਾਂ ਨੂੰ ਆਧੁਨਿਕ ਬਣਾਉਣਾ, ਜਿਵੇਂ ਸਿਰਿਲ ਕਲਾਰਕ ਲਾਇਬ੍ਰੇਰੀ ਹਾਲ (Cyril Clark Library Hall) ਅਤੇ ਲੈਸਟਰ ਬੀ. ਪੀਅਰਸਨ ਥਿਏਟਰ (Lester B. Pearson Theatre)।

ਸਿਟੀ ਆਫ ਬ੍ਰੈਂਪਟਨ ਦੇ ਡਾਇਰੈਕਟਰ ਆਫ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ ਦੇ ਬੌਬ ਡਾਰਲਿੰਗ (Bob Darling) ਨੇ ਕਿਹਾ, “ਸਾਨੂੰ ਸਿਟੀ ਆਫ ਬ੍ਰੈਂਪਟਨ ਵਿੱਚ ਸਟੀਵਨ ਦਾ ਸੁਆਗਤ ਕਰਨ ਤੇ ਮਾਣ ਹੈ ਅਤੇ ਅਸੀਂ ਰੋਜ਼ ਥਿਏਟਰ ਲਈ ਅਤੇ ਸਿਟੀ ਦੇ ਵਿਸ਼ਾਲ ਸੱਭਿਆਚਾਰਕ ਲੈਂਡਸਕੇਪ ਲਈ ਵਿਰਸੇ ਦਾ ਨਿਰਮਾਣ ਕਰਨ ਦੇ ਪ੍ਰਤੀ, ਉਹਨਾਂ ਦੇ ਕਾਰਜਨੀਤੀ ਸਬੰਧੀ ਮਾਰਗਦਰਸ਼ਨ ਅਤੇ ਡੂੰਘੇ ਅਨੁਭਵ ਨੂੰ ਲੈ ਕੇ ਉਤਸ਼ਾਹਿਤ ਹਾਂ।” ਉਹਨਾਂ ਨੇ ਅੱਗੇ ਕਿਹਾ, “ਕੈਨੇਡਿਅਨ ਥਿਏਟਰ ਦੇ ਇੰਨੇ ਮਾਣਯੋਗ ਲੀਡਰ ਦਾ ਬ੍ਰੈਂਪਟਨ ਦੀ ਚੋਣ ਕਰਨਾ, ਸ਼ਾਨਦਾਰ ਸਮਰਥਨ ਅਤੇ ਇਸ ਗੱਲ ਦੀ ਪੁਸ਼ਟੀ ਹੈ ਕਿ ਅਸੀਂ ਸੱਭਿਆਚਾਰਕ ਪੁਨਰ ਜਾਗ੍ਰਿਤੀ ਦੀ ਨੀਂਹ ਤੇ ਹਾਂ। ਬ੍ਰੈਂਪਟਨ ਵੱਡਾ ਅਤੇ ਬੇਬਾਕ ਸੋਚ ਰਿਹਾ ਹੈ ਅਤੇ ਅਸੀਂ ਦੁਨੀਆ ਦੀ ਸਟੇਜ ਤੇ ਸਾਡੇ ਸਪੌਟਲਾਈਟ ਲਈ ਤਿਆਰ ਹਾਂ।”

ਸਟੀਵਨ ਸਕਿਪਰ ਨੇ ਕਿਹਾ, “ਮੈਨੂੰ ਸ਼ਾਨਦਾਰ ਕਲਾਕਾਰਾਂ, ਦਰਸ਼ਕਾਂ ਅਤੇ ਸਟਾਫ ਦੀ ਮਿਹਰਬਾਨੀ ਨਾਲ ਰੋਇਲ ਐਮ.ਟੀ.ਸੀ. ਦੀ ਮਦਦ ਕਰਨ ਦਾ ਮੌਕਾ ਮਿਲਿਆ ਹੈ ਅਤੇ ਮੈਨੂੰ ਆਪਣੇ ਵਿੱਚ ਸ਼ਾਮਲ ਕਰਨ ਲਈ ਮੈਂ ਮੈਨੀਟੋਬਾ ਦੇ ਮੈਂਬਰਾਂ ਦਾ ਹਮੇਸ਼ਾ ਧੰਨਵਾਦੀ ਰਹਾਂਗਾ।” ਉਹਨਾਂ ਨੇ ਅੱਗੇ ਕਿਹਾ, “ਬ੍ਰੈਂਪਟਨ ਨੇ ਮੈਨੂੰ ਅਜਿਹੀ ਕਲਾਤਮਕ ਪਛਾਣ, ਜੋ ਜਵਾਨ ਅਤੇ ਊਰਜਾਵਾਨ ਸਿਟੀ ਨੂੰ ਦਰਸਾਉਂਦੀ ਹੈ, ਸਥਾਪਤ ਕਰਨ ਵਿੱਚ ਉਹਨਾਂ ਦੀ ਮਦਦ ਦਾ;

ਅਤੇ ਭਵਿੱਖੀ ਪੀੜ੍ਹੀਆਂ ਲਈ ਇੱਕ ਜੋਸ਼ੀਲੇ ਸੱਭਿਆਚਾਰਕ ਕੇਂਦਰ ਦਾ ਨਿਰਮਾਣ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਨਵਾਂ ਰੋਮਾਂਚਕ ਮੌਕਾ ਦਿੱਤਾ ਹੈ।"

ਉਹਨਾਂ ਨੇ ਅੱਗੇ ਕਿਹਾ, "ਮੈਂ ਬ੍ਰੈਂਪਟਨ ਅਤੇ ਆਸਪਾਸ ਦੇ ਖੇਤਰਾਂ ਵਿੱਚ ਕਲਾਕਾਰਾਂ ਅਤੇ ਦਰਸ਼ਕਾਂ ਦੇ ਨਾਲ ਰਿਸ਼ਤੇ ਵਿਕਸਿਤ ਕਰਨ ਲਈ ਅਤੇ ਸਿਵਿਕ ਲੀਡਰਾਂ ਅਤੇ ਭਾਈਚਾਰਿਆਂ ਦੇ ਮੁੱਲਾਂ, ਜੋਸ਼ ਅਤੇ ਰਚਨਾਤਮਕਤਾ ਨੂੰ ਸਟੇਜ ਤੇ ਦਰਸਾਉਣ ਲਈ, ਉਹਨਾਂ ਨਾਲ ਕੰਮ ਕਰਨ ਲਈ ਉਤਸ਼ਾਹਿਤ ਹਾਂ।"

ਦੇਸ਼ ਦੇ ਸਭ ਤੋਂ ਲੰਮੇ ਸਮੇਂ ਤੱਕ ਸੇਵਾ ਦੇਣ ਵਾਲੇ ਕਲਾਤਮਕ ਡਾਇਰੈਕਟਰਾਂ ਵਿੱਚੋਂ ਇੱਕ, ਸਟੀਵਨ ਸਕਿਪਰ ਨੂੰ ਰੋਇਲ ਐਮ.ਟੀ.ਸੀ. ਦੀ ਕਲਾਕਾਰੀ ਨੂੰ ਵਧਾਉਣ ਅਤੇ ਦਰਸ਼ਕ ਮੈਂਬਰਾਂ ਅਤੇ ਦਾਨੀਆਂ ਦਾ ਨਵਾਂ ਆਧਾਰ ਵਿਕਸਿਤ ਕਰਨ ਦਾ ਕ੍ਰੈਡਿਟ ਜਾਂਦਾ ਹੈ। ਉਹਨਾਂ ਦੇ 30-ਸਾਲ ਦੇ ਕਾਰਜ ਕਾਲ ਦੇ ਦੌਰਾਨ, ਉਹ ਦੁਨੀਆਭਰ ਦੇ ਪ੍ਰੀਮੀਅਰ, ਰੋਇਲ ਐਮ.ਟੀ.ਸੀ. ਵਿੱਚ ਲਿਆਉਣ ਲਈ ਜ਼ਿੰਮੇਵਾਰ ਹਨ, ਜਿਹਨਾਂ ਵਿੱਚ, ਮੌਰੀਨ ਹੰਟਰ (Maureen Hunter) ਦਾ *ਟ੍ਰਾਂਜ਼ਿਟ ਆਫ ਵੀਨਸ (Transit of Venus)* ਅਤੇ *ਅਟਲਾਂਟਿਸ (Atlantis)*, ਮਾਰਗਰੇਟ ਮਿਸ਼ੇਲ (Margaret Mitchell) ਦਾ *ਗੌਨ ਵਿਦ ਦ ਵਿੰਡ (Gone with the Wind)* ਦਾ ਨਿਕੀ ਲਨਡਉ (Niki Landau) ਦਾ ਅਡਾਪਟੇਸ਼ਨ, ਚਾਰਲਸ ਡਿਕਨਸ (Charles Dickens) ਦਾ *ਅ ਕ੍ਰਿਸਮਸ ਕੈਰਲ (A Christmas Carol)* ਦਾ ਬ੍ਰੂਸ ਮੈਕਮੈਨਸ (Bruce McManus) ਦਾ ਅਡਾਪਟੇਸ਼ਨ ਆਫ ਅਤੇ ਸਟੀਵ ਮਾਰਟਿਨ (Steve Martin) ਦਾ *ਪਿਕਾਸੋ ਐਟ ਦ ਲੈਪਿਨ ਐਜਾਈਲ (Picasso at the Lapin Agile)* ਦਾ ਕੈਨੇਡਿਅਨ ਪ੍ਰੀਮੀਅਰ ਆਦਿ ਕੁਝ ਨਾਮ ਸ਼ਾਮਲ ਹਨ।

ਉਹਨਾਂ ਨੇ ਮਾਰਕੀ ਪ੍ਰੋਡਕਸ਼ਨਸ ਨੂੰ ਆਕਰਸ਼ਿਤ ਕਰਕੇ ਵਿਨੀਪੈਗ ਦੇ ਆਰਟਸ ਸੀਨ ਵੱਲ ਦੁਨੀਆ ਦਾ ਧਿਆਨ ਖਿੱਚਿਆ ਹੈ, ਜਿਵੇਂ ਕਿ *ਹੈਮਲੇਟ (Hamlet)*, ਜਿਸ ਵਿੱਚ ਮੂਵੀ ਸਟਾਰ ਕੀਨੂ ਰੀਵਸ (Keanu Reeves) ਹੈ ਅਤੇ *ਕਮ ਫ੍ਰਾਮ ਅਵੇ (Come From Away)* ਦੇ ਜੰਕਯਾਰਡ ਡੌਗ/ਮਿਰਵਿਸ਼ (Junkyard Dog/Mirvish) ਪ੍ਰੋਡਕਸ਼ਨ ਦੇ ਟੋਰੋਂਟੋ ਵਿੱਚ ਆਉਣ ਤੋਂ ਪਹਿਲਾਂ ਇਸਦੀ ਵਿਕਣ ਵਾਲੀ ਲੜੀ, ਇਹ ਅਜੇ ਵੀ ਟੋਰੋਂਟੋ ਵਿੱਚ ਪਲੇ ਹੋ ਰਹੀ ਹੈ; ਅਤੇ ਇਸਨੂੰ ਸਥਾਨਕ ਐਕਟਰਾਂ ਅਤੇ ਨਾਟਕਕਾਰਾਂ ਦੇ ਸਮਰਥਨ ਦਾ ਸਥਾਨ ਬਣਾਇਆ, ਜਿਵੇਂ ਕਿ ਜੇਨ ਔਸਟਨ (Jane Austen) ਦੇ *ਸੈਂਸ ਐਂਡ ਸੈਂਸੀਬਿਲਿਟੀ (Sense and Sensibility)* ਦੇ ਪ੍ਰੀਮੀਅਰਿੰਗ ਵਿਨੀਪੈਗ ਲੇਖਕ ਐਲਨ ਪੀਟਰਸਨ (Ellen Peterson) ਦੇ ਅਡਾਪਟੇਸ਼ਨ। ਸਟੀਵਨ ਨੇ ਦੇਸ਼ ਵਿੱਚ ਇਸ ਤਰ੍ਹਾਂ ਦੇ ਸਭ ਤੋਂ ਵੱਡੇ ਵਿਨੀਪੈਗ ਫ੍ਰਿੰਜ ਫੈਸਟੀਵਲ (Winnipeg Fringe Festival) ਨੂੰ ਵਿਕਸਿਤ ਕਰਨ ਵੀ ਮਦਦ ਕੀਤੀ, ਸਥਾਨਕ ਥਿਏਟਰ ਕੰਪਨੀਆਂ ਨੂੰ ਨਿਯਤ ਨਾਟਕਕਾਰ ਵੱਲੋਂ ਸਟੇਜ ਪਲੇ ਦਾ ਮੌਕਾ ਦੇਣ ਲਈ ਸਮਰਪਿਤ ਮਾਸਟਰ ਪਲੇਰਾਇਟ ਫੈਸਟੀਵਲ (Master Playwright Festival) ਦੀ ਸ਼ੁਰੂਆਤ ਕੀਤੀ ਅਤੇ ਐਬਓਰਿਜਿਨਲ ਆਰਟਸ ਟ੍ਰੇਨਿੰਗ ਐਂਡ ਮੈਂਟਰਸ਼ਿਪ ਪ੍ਰੋਗਰਾਮ (Aboriginal Arts Training and Mentorship Program) ਦੇ ਮੈਂਬਰਾਂ ਦੇ ਨਾਲ ਕੰਮ ਕਰਦੇ ਹੋਏ ਅਤੇ ਅਵਾਰਡ-ਜੇਤੂ ਪਲੇ ਨੂੰ ਮੈਨੀਟੋਬਾ ਹਾਈ ਸਕੂਲਾਂ ਵਿੱਚ ਲਿਆਉਂਦੇ ਹੋਏ, ਵੰਨ-ਸੁਵੰਨੇ ਦਰਸ਼ਕਾਂ ਅਤੇ ਕਲਾ ਸੰਗਠਨਾਂ ਨੂੰ ਸ਼ਾਮਿਲ ਕਰਨ ਲਈ ਮੌਕੇ ਮੁਹੱਈਆ ਕੀਤੇ।

ਮੈਨੀਟੋਬਾ ਥਿਏਟਰ ਸੈਂਟਰ ਨੂੰ 2010 ਵਿੱਚ ਕਵੀਨ ਐਲਿਜ਼ਾਬੇਥ ਟੂ (Queen Elizabeth II) ਤੋਂ ਇੱਕ ਰਾਜਸੀ ਰੁਤਬਾ ਮਿਲਿਆ ਸੀ ਅਤੇ ਇਹ ਸਮੁੱਚੇ ਉੱਤਰੀ ਅਮਰੀਕਾ (North America) ਦੇ ਖੇਤਰੀ ਥਿਏਟਰਾਂ ਲਈ ਇੱਕ ਮਾੱਡਲ ਹੈ। ਸਟੀਵਨ ਦੀ ਨਿਯੁਕਤੀ, ਕੈਨੇਡਿਅਨ ਥਿਏਟਰ ਵਿੱਚ ਉਹਨਾਂ ਦੇ ਯੋਗਦਾਨਾਂ ਲਈ 2012 ਵਿੱਚ, ਆਰਡਰ ਆਫ ਕੈਨੇਡਾ (Order of Canada) ਲਈ ਹੋਈ ਸੀ; ਅਤੇ ਉਹਨਾਂ ਨੂੰ ਦੋ ਹੋਨੇਰੇਰੀ ਡੌਕਟਰੇਟਸ (Honorary Doctorates) ਮਿਲੇ ਸਨ, ਇੱਕ ਯੂਨੀਵਰਸਿਟੀ ਆਫ ਵਿਨੀਪੈਗ (University of Winnipeg) ਤੋਂ ਅਤੇ ਦੂਜਾ ਯੂਨੀਵਰਸਿਟੀ ਆਫ ਮੈਨੀਟੋਬਾ (University of Manitoba) ਤੋਂ।

-30-

**<u>ਦ ਰੋਜ਼ ਬਾਰੇ:</u>**

ਦ ਰੋਜ਼, ਇੱਕ ਸ਼ਾਨਦਾਰ ਪਰਫੌਰਮਿੰਗ ਆਰਟਸ ਅਤੇ ਡਾਉਨਟਾਉਨ ਬ੍ਰੈਂਪਟਨ (Downtown Brampton) ਦੀ ਖਾਸ ਵਿਸ਼ੇਸ਼ਤਾ, ਸਿਟੀ ਦਾ ਮਹੱਤਵਪੂਰਨ ਅੰਗ ਹੈ। ਸਥਾਨਕ ਅਤੇ ਦੁਨੀਆ ਦੇ ਪ੍ਰਸਿੱਧ ਪਰਫੌਰਮਰਾਂ ਲਈ ਮੰਜ਼ਲ ਦੇ ਤੌਰ ਤੇ ਦ ਰੋਜ਼, ਇੱਕ ਅਨੋਖੇ ਵਾਤਾਵਰਨ ਵਿੱਚ ਵਿਸ਼ਾਲ ਸ਼੍ਰੇਣੀ ਦੀ ਪ੍ਰਤਿਭਾ ਨੂੰ ਅਨੁਭਵ ਕਰਨ ਲਈ, ਬ੍ਰੈਂਪਟਨ ਅਤੇ ਇਸਦੇ ਆਸਪਾਸ ਦੇ ਖੇਤਰਾਂ ਦੇ ਸੱਭਿਆਚਾਰਕ-ਪ੍ਰੇਮੀਆਂ ਲਈ ਮੌਕੇ ਮੁਹੱਈਆ ਕਰਦਾ ਹੈ। ਭਵਨ ਨਿਰਮਾਣ ਕਲਾ ਅਤੇ ਧੁਨੀ ਸਬੰਧੀ ਉੱਘਾ, ਇਸ ਸਥਾਨ ਵਿੱਚ ਵੱਡੇ ਸ਼ੋ ਅਤੇ ਡੂੰਘੇ ਅਨੁਭਵ ਲਈ ਦੋ ਪਰਫੌਰਮੈਂਸ ਸਥਾਨ ਹਨ। ਹੁਣ ਆਪਣੇ 13ਵੇਂ ਸੀਜਨ ਵਿੱਚ, ਦ ਰੋਜ਼ ਥਿਏਟਰ, ਸੰਗੀਤ, ਡਾਂਸ, ਕਾਮੇਡੀ, ਪਰਿਵਾਰ ਅਤੇ ਸੱਭਿਆਚਾਰਕ ਕਾਰਜਕਰਮਾਂ ਦੇ ਨਾਲ-ਨਾਲ, ਇੱਕ ਠੋਸ ਨੌਜਵਾਨ ਸਿੱਖਿਆ

ਸੀਰੀਜ, ਆਰਟਸ ਐਡਵੈਂਚਰਸ (Arts Adventures) ਵਾਲਾ ਮਲਟੀ-ਡਿਸਪਲਨਰੀ ਪ੍ਰੋਡਕਸ਼ਨਸ ਪੇਸ਼ ਕਰਦਾ ਹੈ। ਦ ਰੋਜ਼ ਦੇਸ਼ ਦੇ ਕਲਾਕਾਰਾਂ ਨੂੰ ਉਜਾਗਰ ਕਰਨ ਅਤੇ ਜਿਸ ਭਾਈਚਾਰੇ ਵਿੱਚ ਇਹ ਸੇਵਾ ਪੇਸ਼ ਕਰਦਾ ਹੈ, ਉਸਨੂੰ ਦਰਸਾਉਣ, ਵਿਕਸਿਤ ਕਰਨ ਅਤੇ ਉਸਦਾ ਜਸ਼ਨ ਮਨਾਉਣ ਲਈ ਸਥਾਨਕ ਸੰਗਠਨਾਂ ਦੇ ਨਾਲ ਭਾਈਵਾਲੀ ਕਰਨ ਲਈ ਵਚਨਬੱਧ ਹੈ। ਦ ਰੋਜ਼, ਗਾਰਡਨ ਸਕਵੇਅਰ (Garden Square) ਦੇ ਬਿਲਕੁੱਲ ਸਾਹਮਣੇ ਸਥਿਤ ਹੈ, ਇੱਕ ਜਨਤਕ ਥਾਂ, ਜਿੱਥੇ ਪੂਰਾ ਸਾਲ ਕਲਾ ਅਤੇ ਸੱਭਿਆਚਾਰ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ।

## ਸਿਟੀ ਆਫ ਬ੍ਰੈਂਪਟਨ ਬਾਰੇ:

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ:**

ਟ੍ਰਾਨ ਨਗਿਉਯੇਨ (Tran Nguyen), ਕੇ.ਡਬਲਯੂ.ਟੀ. ਗਲੋਬਲ (KWT Global) (ਪਹਿਲਾਂ ਇਸਦਾ ਨਾਮ ਹੋਲਮਸ ਪੀ.ਆਰ. ਸੀ)
647.490.6601
tnguyen@kwtglobal.com

**ਸਿਟੀ ਆਫ ਬ੍ਰੈਂਪਟਨ ਦਾ ਸੰਪਰਕ:**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨਸ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca